ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ
ਖੇਤੀ ਭਵਨ, ਫੇਜ਼-6, ਐਸ.ਏ.ਐਸ. ਨਗਰ।
ਫੋਨ ਨੰ: 0172-2970605

ਸਾਲ 2018-19 ਅਤੇ 2019-20 ਦੌਰਾਨ ਰਾਜ ਵਿੱਚ ਕਿਸਾਨਾਂ ਨੂੰ ਖੇਤੀ ਸੰਦ /ਮਸ਼ੀਨਾਂ ਉਪਦਾਨ ਤੇ ਮੁਹੱਈਆ ਕਰਵਾਉਣ ਲਈ ਫਰਮਾਂ/ਮਸ਼ੀਨਰੀ ਨਿਰਮਾਤਾਵਾਂ ਵੱਲੋਂ ਦਿਲਚਸਪੀ ਦੇ ਪ੍ਰਗਟਾਵੇ ਸਬੰਧੀ ਆਫਰਾਂ ਦੀ ਮੰਗ

ਸਾਲ 2018-19 ਅਤੇ 2019-20 ਲਈ ਕਿਸਾਨਾਂ ਨੂੰ ਇਹ ਮਸ਼ੀਨਰੀ ਉਪਦਾਨ ਤੇ ਮੁਹੱਈਆ ਕਰਵਾਉਣ ਲਈ ਫਰਮਾਂ ਇੰਮਪੈਨਲ ਕਰਨ ਲਈ ਖੇਤੀ ਮਸ਼ੀਨਰੀ ਨਿਰਮਾਤਾਵਾਂ ਤੋਂ ਦਿਲਚਸਪੀ ਦੇ ਪ੍ਰਗਟਾਵਿਆਂ ਦੀਆਂ ਆਫਰਾਂ ਦੀ ਮੰਗ ਕੀਤੀ ਜਾਂਦੀ ਹੈ। ਖੇਤੀਬਾੜੀ ਵਿਭਾਗ ਵੱਲੋਂ ਰਾਜ ਵਿੱਚ ਖੇਤੀ ਮਸ਼ੀਨਰੀ /ਸੰਦ ਜਿਵੇਂ ਕਿ ਬੇਲਰਜ (ਰਿਕਟੈਗੁੰਲਰ 18-20 ਕਿਲੋ, ਰਾਊਂਡ 14-16 ਕਿਲੋ, 16-25 ਕਿਲੋ, 180-200 ਕਿਲੋ) ; ਰੇਕ; ਰੋਟੋ ਕਲਟੀਵੇਟਰ ਕਮ ਕਲੋਡ ਬਰੇਕਰ/ਰੋਟੋ ਪਡਲਰ/ਪਾਵਰ ਹੈਰੋ; ਕਰਾਪ ਰੀਪਰ ਕਮ ਬਾਈਂਡਰ; ਪੈਡੀ ਟਰਾਂਸਪਲਾਂਟਰ (4 ਰੋਅ ਵਾਕ ਬਿਹਾਈਂਡ, 6 ਰੋਅ ਵਾਕ ਬਿਹਾਈਂਡ, 6 ਰੋਅ ਸੈਲਫ ਪਰੋਪੈਲਡ ਪੈਟਰੋਲ ਇੰਜਨ, 6 ਰੋਅ ਸੈਲਫ ਪਰੋਪੈਲਡ ਡੀਜ਼ਲ ਇੰਜਨ, 8 ਰੋਅ ਸੈਲਫ ਪਰੋਪੈਲਡ ਡੀਜ਼ਲ ਇੰਜਨ, ਸਿੰਗਲ ਵੀਲ ਫਲੋਟ ਟਾਈਪ) ; ਆਟੋਮੈਟਿਕ ਰਾਈਸ ਨਰਸਰੀ ਸੋਇੰਗ ਮਸ਼ੀਨ; ਇਕਯੂਪਮੈਂਟ ਫਾਰ ਰੇਜ਼ਿੰਗ ਪੈਡੀ ਨਰਸਰੀ; ਨਿਊਮੈਟਿਕ ਪਲਾਂਟਰਜ਼; ਵੈਜੀਟੇਬਲ ਟਰਾਂਸਪਲਾਂਟਰ/ਵੈਜੀਟੇਬਲ ਸੀਡਰ; ਰੇਜ਼ਡ ਬੈੱਡ ਪਲਾਂਟਰ ਵਿਦ ਇੰਨਕਲਾਈਨਡ ਪਲੇਟ ਐਂਡ ਸ਼ੇਪਰ ਅਟੈਚਮੈਂਟ; ਪੋਟੈਟੋ ਪਲਾਂਟਰ (ਆਟੋਮੈਟਿਕ/ਸੈਮੀ ਆਟੋਮੈਟਿਕ); ਪੈਟੋਟੋ ਡਿਗਰ; ਪਾਵਰ ਵੀਡਰ ਪੀ.ਟੀ.ਓ. ਆਪਰੇਟਡ; ਸਪਰੇਅਰਜ਼ ( ਨੈਪਸੈਕ 12-16 ਲੀਟਰ 0.75-1.0 ਐਚ.ਪੀ ਇੰਜਨ), ਟਰੈਕਟਰ ਆਪਰੇਟਡ ਬੂਮ ਟਾਈਪ, ਇਲੈਕਟਰੋਸਟੈਟਿਕ ਸਪਰੇਅਰ, ਬੈਟਰੀ/ਪਾਵਰ ਉਪਰੇਟਡ ਸਪਰੇਅਰ; ਡੀ.ਐਸ.ਆਰ ਡਰਿਲ-ਕਮ ਪਲਾਂਟਰ/ਜੀਰੋ ਟਿਲ ਮਲਟੀ ਕਰਾਪ ਪਲਾਂਟਰ; ਟਰੈਕਟਰ ਉਪਰੇਟਡ ਕਾਟਨ ਸੀਡ ਡਰਿਲ/ਪਲਾਂਟਰ; ਵਰਟੀਕਲ ਕੰਨਵੇਅਰ ਰੀਪਰ; ਸਿੰਗਲ ਰੋਅ ਫਾਡਰ ਹਾਰਵੈਸਟਰ; ਸੈਲਫ ਪ੍ਰੋਪੈਲਡ ਫਾਡਰ ਹਾਰਵੈਸਟਰ; ਫੋਰੈਜ ਚੋਪਰ ਕਮ ਲੋਡਰ; ਫੋਰੈਜ ਰੀਪਰ ਵੱਖ-ਵੱਖ ਸਕੀਮਾਂ ਅਧੀਨ ਉਪਦਾਨ ਤੇ ਦੇਣ ਬਾਬਤ ਤਜਵੀਜ ਵਿਚਾਰ ਅਧੀਨ ਹੈ।

ਫਸਲਾਂ ਦੀ ਰਹਿੰਦ ਖੂੰਹਦ ਨੂੰ ਸਾਂਭਣ ਵਾਲੀਆਂ ਇੰਨ ਸਿਟੂ ਮਸ਼ੀਨਾਂ ਲਈ ਵੱਖਰੇ ਤੌਰ ਤੇ ਭਾਰਤ ਸਰਕਾਰ ਵੱਲੋਂ ਇੰਮਪੈਨਲਮੈਂਟ ਕੀਤੀ ਜਾਵੇਗੀ।

ਕੇਵਲ ਉਹੀ ਖੇਤੀ ਮਸ਼ੀਨਰੀ/ਸੰਦ ਅਪਰੂਵ ਕੀਤੇ ਜਾਣਗੇ, ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆ ਕਰਦੇ ਹੋਣ:

- ਖੇਤੀ ਸੰਦ/ਮਸ਼ੀਨ ਵਿਭਾਗ/ਭਾਰਤ ਸਰਕਾਰ ਵੱਲੋਂ ਦਿੱਤੀਆਂ ਤਕਨੀਕਾਂ ਸਪੈਸੀਫਿਕੇਸ਼ਨਾਂ ਅਨੁਸਾਰ ਹੋਣੇ ਚਾਹੀਦੇ ਹਨ। ਉਪਰੋਕਤ ਖੇਤੀ ਮਸ਼ੀਨਰੀ ਦੀਆਂ ਤਕਨੀਕੀ ਸਪੈਸੀਫਿਕੇਸ਼ਨਾਂ ਵਿਭਾਗ ਦੀ ਵੈਬਸਾਈਟ **www.agripb.gov.in** ਤੇ ਉਪਲੱਬਧ ਹਨ।
- ਖੇਤੀ ਸੰਦ/ਮਸ਼ੀਨ ਭਾਰਤ ਸਰਕਾਰ ਦੇ ਕਿਸੇ ਵੀ ਫਾਰਮ ਮਸ਼ੀਨਰੀ ਟ੍ਰੇਨਿੰਗ ਅਤੇ ਟੈਸਟਿੰਗ ਇੰਸਟੀਚਿਊਟ ਜਾਂ ਰਾਜ ਸਰਕਾਰ ਦੀ ਪ੍ਰਵਾਨਿਤ ਸੰਸਥਾ ਤੋਂ ਟੈਸਟ ਪਾਸ ਹੋਣੀ ਚਾਹੀਦੀ ਹੈ।
- ਫਰਮ, ਖੇਤੀਬਾੜੀ ਮੰਤਰਾਲਾ ਭਾਰਤ ਸਰਕਾਰ ਦੇ ਫਾਰਮਰ ਪੋਰਟਲ **(www.farmer.gov.in)** ਤੇ ਰਜਿਸਟਰ ਹੋਣੀ ਚਾਹੀਦੀ ਹੈ।
- ਕਿਸਾਨ ਕਿਸੇ ਵੀ ਇੰਮਪੈਨਲਡ ਫਰਮ ਤੋਂ ਇਹ ਖੇਤੀ ਮਸ਼ੀਨ/ਸੰਦ ਵਿਭਾਗ ਵੱਲੋਂ ਪ੍ਰਵਾਨਿਤ ਕੀਤੇ ਰੇਟ ਜਾਂ ਉਸ ਤੋਂ ਘੱਟ ਅਤੇ ਟਰਮਜ਼ ਐਂਡ ਕੰਡੀਸਨਜ਼ ਅਨੁਸਾਰ ਖਰੀਦ ਸਕਦੇ ਹਨ।

ਜੋ ਆਫਰਾਂ ਵਿਭਾਗ ਦੀਆਂ ਉਪਰੋਕਤ ਸ਼ਰਤਾਂ ਅਨੁਸਾਰ ਨਹੀਂ ਹੋਣਗੀਆਂ ਉਹ ਰੱਦ ਕਰ ਦਿੱਤੀਆਂ ਜਾਣਗੀਆਂ। ਸਮਰੱਥ ਅਥਾਰਟੀ ਕੋਈ ਵੀ ਆਫਰ ਪ੍ਰਵਾਨ/ਰੱਦ ਕਰ ਸਕਦੀ ਹੈ।

ਜਿਹੜੇ ਖੇਤੀ ਮਸ਼ੀਨਰੀ ਨਿਰਮਾਤਾ ਆਪਣੀ ਫਰਮ/ਸੰਦ ਇੰਮਪੈਨਲ ਕਰਵਾਉਣਾ ਚਾਹੁੰਦੇ ਹਨ, ਉਹ ਪ੍ਰੋਫਾਰਮੇ ਵਿੱਚ ਸਬੰਧਤ ਦਸਤਾਵੇਜ਼ਾਂ ਦੇ ਨਾਲ ਹਰੇਕ ਸੰਦ ਲਈ ਵੱਖਰੇ ਤੌਰ ਤੇ ਆਪਣੇ ਬਿਨੈ ਪੱਤਰ ਮਿਤੀ 11.02.2019 ਤੱਕ ਆਨਲਾਈਨ ਲਿੰਕ **"https://goo.gl/forms/rycXqKi8CekgNfUs1"** ਰਾਹੀਂ ਜਮ੍ਹਾ ਕਰਵਾਉਣ। ਇਹ ਫਾਰਮ ਜੀ ਮੇਲ ਅਕਾਊਂਟ ਰਾਹੀਂ ਹੀ ਭਰੇ ਜਾ ਸਕਣਗੇ।

ਆਪਣੇ ਦਸਤਾਵੇਜਾਂ ਦੇ ਨਾਲ ਨਾਲ ਫਾਰਮ ਅਨੁਸਾਰ ਹੇਠ ਲਿਖੇ ਦਸਤਾਵੇਜ ਅਪਲੋਡ ਵੀ ਕੀਤੇ ਜਾਣ।

- ਟੈਸਟ ਰਿਪੋਰਟ ਦੀ ਸਵੈ-ਤਸਦੀਕ ਸ਼ੁਦਾ ਕਾਪੀ (2) ਫਰਮ ਵੱਲੋਂ ਸਵੈ ਘੋਸ਼ਣਾ ਪੱਤਰ (3) ਫਾਰਮਰ ਪੋਰਟਲ ਤੇ ਰਜਿਸਟ੍ਰੇਸ਼ਨ ਦਾ ਸਬੂਤ (ਪੋਰਟਲ ਤੇ ਰਜਿਸਟ੍ਰੇਸ਼ਨ ਦਾ ਪ੍ਰਿੰਟ ਆਊਟ) (4) ਪੈਨ ਨੰ: ਦਾ ਸਬੂਤ (5) ਜੀ.ਐਸ.ਟੀ. ਦਾ ਸਬੂਤ ਅਤੇ ਹੋਰ ਦਸਤਾਵੇਜ।

ਨੋਟ:

ਖੇਤੀ ਨਿਰਮਾਤਾਵਾਂ ਵੱਲੋਂ ਹਰ ਮਸ਼ੀਨ/ਸੰਦ ਲਈ ਵੱਖਰੇ ਤੌਰ ਤੇ ਫਾਰਮ ਭਰੇ ਜਾਣ।
ਵਧੇਰੇ ਜਾਣਕਾਰੀ ਲਈ ਸੂਚਨਾ ਵਿਭਾਗ ਦੀ ਵੈਬਸਾਈਟ **www.agripb.gov.in**

ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ